# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 03 ਮਾਰਚ 2026 ਦਿਨ ਮੰਗਲਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਬ੍ਰਿਟਿਸ਼ ਕੋਲੰਬੀਆ ਦਾ ਇਤਿਹਾਸਕ ਫੈਸਲਾ: ਘੜੀਆਂ ਨੂੰ ਅੱਗੇ ਪਿੱਛੇ ਕਰਨ ਦਾ ਦੌਰ ਹਮੇਸ਼ਾ ਲਈ ਖਤਮ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 3 ਮਾਰਚ : ਬ੍ਰਿਟਿਸ਼ ਕੋਲੰਬੀਆ ਦੇ ਵਾਸੀਆਂ ਲਈ ਇੱਕ ਵੱਡੀ ਅਤੇ ਰਾਹਤ ਭਰੀ ਖਬਰ ਸਾਹਮਣੇ ਆਈ ਹੈ। ਪ੍ਰੀਮੀਅਰ ਡੇਵਿਡ ਈਬੀ ਨੇ ਸੋਮਵਾਰ ਨੂੰ ਇੱਕ ਇਤਿਹਾਸਕ ਐਲਾਨ ਕਰਦਿਆਂ ਕਿਹਾ ਕਿ ਸੂਬੇ ਵਿੱਚ ਹੁਣ ਘੜੀਆਂ ਨੂੰ ਅੱਗੇ ਪਿੱਛੇ ਕਰਨ ਦਾ ਦੌਰ ਹਮੇਸ਼ਾ ਲਈ ਖਤਮ ਹੋਣਜਾ ਰਿਹਾ ਹੈ। 8 ਮਾਰਚ ਨੂੰ ਹੋਣ ਵਾਲਾ "ਸਪ੍ਰਿੰਗ ਫਾਰਵਰਡ" (ਘੜੀਆਂ ਇੱਕ ਘੰਟਾ ਅੱਗੇ ਕਰਨਾ) ਸੂਬੇ ਦੇ ਇਤਿਹਾਸ ਵਿੱਚ ਆਖਰੀ ਬਦਲਾਅ ਹੋਵੇਗਾ, ਜਿਸ ਤੋਂ ਬਾਅਦ ਸਾਲ ਭਰ ਲਈ ਸਥਾਈ ਤੌਰ 'ਤੇ "ਪੈਸਿਫਿਕ ਟਾਈਮ" ਲਾਗੂ ਰਹੇਗਾ। ਪੂਰਬੀ ਬੀ.ਸੀ. ਦੇ ਉਹ ਇਲਾਕੇ ਜੋ 'ਮਾਊਂਟੇਨ ਟਾਈਮ' ਦੀ ਪਾਲਣਾ ਕਰਦੇ ਹਨ, ਇਸ ਤਬਦੀਲੀ ਤੋਂ ਪ੍ਰਭਾਵਿਤ ਨਹੀਂ ਹੋਣਗੇ।




ਪ੍ਰੀਮੀਅਰ ਈਬੀ ਨੇ ਸਪੱਸ਼ਟ ਕੀਤਾ ਕਿ ਇਹ ਫੈਸਲਾ ਲੋਕਾਂ ਦੀ ਜੀਵਨ ਗੁਣਵੱਤਾ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਹੁਣ ਹੋਰ ਇੰਤਜ਼ਾਰ ਨਹੀਂ ਕਰਾਂਗੇ। ਬ੍ਰਿਟਿਸ਼ ਕੋਲੰਬੀਆ ਸਿਰਫ ਇੱਕ ਵਾਰ ਹੋਰ ਆਪਣੀਆਂ ਘੜੀਆਂ ਬਦਲੇਗਾ ਅਤੇ ਫਿਰ ਕਦੇ ਨਹੀਂ।

ਜ਼ਿਕਰਯੋਗ ਹੈ ਕਿ 2019 ਵਿੱਚ ਕਰਵਾਈ ਗਈ ਇੱਕ ਸਰਕਾਰੀ ਰਾਏਸ਼ੁਮਾਰੀ ਵਿੱਚ 93 ਫੀਸਦੀ ਲੋਕਾਂ ਨੇ ਸਾਲ ਭਰ ਇੱਕੋ ਸਮਾਂ ਰੱਖਣ ਦੀ ਹਮਾਇਤ ਕੀਤੀ ਸੀ। ਲੋਕਾਂ ਦਾ ਮੰਨਣਾ ਹੈ ਕਿ ਸਮਾਂ ਬਦਲਣ ਨਾਲ ਨੀਂਦ ਦਾ ਚੱਕਰ ਵਿਗੜਦਾ ਹੈ, ਜਿਸ ਦਾ ਅਸਰ ਬੱਚਿਆਂ, ਮਾਪਿਆਂ ਅਤੇ ਪਾਲਤੂ ਜਾਨਵਰਾਂ ਦੀ ਸਿਹਤ 'ਤੇ ਪੈਂਦਾ ਹੈ। ਇਸ ਤੋਂ ਇਲਾਵਾ ਅੰਕੜੇ ਦੱਸਦੇ ਹਨ ਕਿ ਸਮਾਂ ਬਦਲਣ ਦੌਰਾਨ ਸੜਕ ਹਾਦਸਿਆਂ ਵਿੱਚ ਵੀ ਵਾਧਾ ਹੁੰਦਾ ਹੈ।

ਇਸ ਤੋਂ ਪਹਿਲਾਂ ਬੀ.ਸੀ. ਸਰਕਾਰ ਅਮਰੀਕਾ ਦੇ ਪੱਛਮੀ ਰਾਜਾਂ ਕੈਲੀਫੋਰਨੀਆ, ਓਰੇਗਨ ਅਤੇ ਵਾਸ਼ਿੰਗਟਨ ਦੇ ਫੈਸਲੇ ਦੀ ਉਡੀਕ ਕਰ ਰਹੀ ਸੀ ਤਾਂ ਜੋ ਵਪਾਰਕ ਤਾਲਮੇਲ ਬਣਿਆ ਰਹੇ। ਪਰ ਉੱਥੇ ਕਾਂਗਰਸ ਦੀ ਮਨਜ਼ੂਰੀ ਵਿੱਚ ਹੋ ਰਹੀ ਦੇਰੀ ਨੂੰ ਦੇਖਦੇ ਹੋਏ ਬੀ.ਸੀ. ਨੇ ਹੁਣ ਖ਼ੁਦ ਪਹਿਲ ਕਰਨ ਦਾ ਫੈਸਲਾ ਕੀਤਾ ਹੈ।

ਨਵੇਂ ਨਿਯਮ ਲਾਗੂ ਹੋਣ ਤੋਂ ਬਾਅਦ ਸਰਦੀਆਂ ਵਿੱਚ ਦਸੰਬਰ ਦੇ ਮਹੀਨੇ ਸੂਰਜ ਸਵੇਰੇ ਕਰੀਬ 9:08 ਵਜੇ ਚੜ੍ਹੇਗਾ ਪਰ ਸ਼ਾਮ ਨੂੰ ਜਲਦੀ ਹਨੇਰਾ ਨਹੀਂ ਹੋਵੇਗਾ ਅਤੇ ਸੂਰਜ 5:14 ਵਜੇ ਡੁੱਬੇਗਾ। ਗਰਮੀਆਂ ਦੇ ਜੂਨ ਮਹੀਨੇ ਵਿੱਚ ਸੂਰਜ ਸਵੇਰੇ 5:06 ਵਜੇ ਚੜ੍ਹੇਗਾ ਅਤੇ ਰਾਤ 9:22 ਵਜੇ ਛਿਪੇਗਾ। ਸਰਕਾਰ ਦੇ ਇਸ ਕਦਮ ਨੂੰ ਆਮ ਜਨਤਾ ਵੱਲੋਂ ਵੱਡਾ ਹੁੰਗਾਰਾ ਮਿਲ ਰਿਹਾ ਹੈ ਕਿਉਂਕਿ ਇਸ ਨਾਲ ਰੋਜ਼ਾਨਾ ਦੀ ਰੁਟੀਨ ਵਿੱਚ ਸਥਿਰਤਾ ਆਵੇਗੀ।

## ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਵਿੱਚ ਹਰੇਕ ਪਰਿਵਾਰ ਦੇ ਮੁੱਖ ਮੰਤਰੀ ਸਿਹਤ ਯੋਜਨਾ ਅਧੀਨ ਰਜਿਸਟ੍ਰੇਸ਼ਨ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ

### ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਵਿੱਚ ਹਰੇਕ ਪਰਿਵਾਰ ਦੇ ਮੁੱਖ ਮੰਤਰੀ ਸਿਹਤ ਯੋਜਨਾ ਅਧੀਨ ਰਜਿਸਟ੍ਰੇਸ਼ਨ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ

### ਡੀਸੀ ਨੇ ਰਜਿਸਟ੍ਰੇਸ਼ਨ ਪ੍ਰਕਿਰਿਆ ਦਾ ਲਿਆ ਜਾਇਜ਼ਾ

### ਕੁੱਝ ਲੋਕਾਂ ਦੇ ਮਨਾ ਚ ਕਈ ਗੱਲਾਂ ਨੂੰ ਲੈਕੇ ਅਜੇ ਵੀ ਅਸਮੰਜਸ

### ਜੇਕਰ ਇਸ ਯੋਜਨਾਂ ਦੀਆਂ ਸ਼ਰਤਾਂ ਵੀ ਆਯੁਸ਼ਮਾਨ ਵਾਲੀਆਂ ਹੋਈਆਂ ਤਾਂ ਗਰੀਬ ਲੋਕਾਂ ਨੂੰ ਨਹੀਂ ਮਿਲੇਗਾ ਕੋਈ ਬਹੁਤਾ ਲਾਭ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ, 3 ਮਾਰਚ : ਸ਼੍ਰੀ ਰਾਜੇਸ਼ ਧੀਮਾਨ, ਡਿਪਟੀ ਕਮਿਸ਼ਨਰ ਬਠਿੰਡਾ ਨੇ ਜ਼ਿਲ੍ਹੇ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਹੇਠ ਰਜਿਸਟ੍ਰੇਸ਼ਨ ਦੀ ਪ੍ਰਗਤੀ ਦਾ ਜਾਇਜ਼ਾ ਲੈਂਦੇ ਹੋਏ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜ਼ਿਲ੍ਹੇ ਦੇ ਹਰੇਕ ਪਰਿਵਾਰ ਨੂੰ ਇਸ ਯੋਜਨਾ ਤਹਿਤ ਰਜਿਸਟਰ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ 10 ਲੱਖ ਤੱਕ ਮੁਫ਼ਤ ਸਿਹਤ ਸੇਵਾਵਾਂ ਦਾ ਲਾਭ ਹਰ ਵਿਅਕਤੀ ਤੱਕ ਪਹੁੰਚਾਉਣ ਲਈ ਰਜਿਸਟ੍ਰੇਸ਼ਨ ਜ਼ਰੂਰੀ ਹੈ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨੇੜਲੇ ਸੀ.ਐਸ.ਸੀ. ਜਾਂ ਵਿਸ਼ੇਸ਼ ਕੈਂਪਾਂ ਰਾਹੀਂ ਰਜਿਸਟਰ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਲੋਕ ਇਸ ਯੋਜਨਾ ਦੇ ਲਾਭ ਲੈਣ ਅਤੇ ਆਪਣੇ ਪਰਿਵਾਰ ਨੂੰ ਸਿਹਤ ਸੁਰੱਖਿਆ ਪ੍ਰਦਾਨ ਕਰਨ।

ਡਿਪਟੀ ਕਮਿਸ਼ਨਰ ਨੇ ਸਾਰੇ ਐਸ.ਡੀ.ਐੱਮ. ਸਾਹਿਬਾਨ, ਸਰਕਾਰੀ ਅਤੇ ਨਿੱਜੀ ਖੇਤਰ ਦੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਰਜਿਸਟ੍ਰੇਸ਼ਨ ਕੰਮ ਨੂੰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਯੋਜਨਾ ਬਾਰੇ ਜਾਗਰੂਕ ਕੀਤਾ ਜਾਵੇ ਅਤੇ ਹਰ ਸਿਹਤ ਸੰਸਥਾ ਦੇ ਬਾਹਰ ਵਿਸ਼ੇਸ਼ ਕਾਊਂਟਰ ਲਗਾਏ ਜਾਣ ਤਾਂ ਜੋ ਲੋਕਾਂ ਲਈ ਰਜਿਸਟ੍ਰੇਸ਼ਨ ਸੌਖੀ ਹੋ ਜਾਵੇ।

ਉਨ੍ਹਾਂ ਨੇ ਕਿਹਾ ਕਿ ਰਜਿਸਟ੍ਰੇਸ਼ਨ ਲਈ ਇਕ ਪਰਿਵਾਰ ਤੋਂ 18 ਸਾਲ ਤੋਂ ਵੱਧ ਉਮਰ ਦੇ ਦੋ ਵਿਅਕਤੀ ਆਧਾਰ ਕਾਰਡ ਅਤੇ ਵੋਟਰ ਆਈ ਕਾਰਡ ਲੈ ਕੇ ਸੀ.ਐਸ.ਸੀ. ਕੇਂਦਰ ਜਾਂ ਨੇੜਲੀ ਸਰਕਾਰੀ ਸਿਹਤ ਸੰਸਥਾ ਵਿਖੇ ਪਹੁੰਚਣ। ਉਨ੍ਹਾਂ ਕਿਹਾ ਕਿ ਲੋਕ ਇਸ ਮੌਕੇ ਦਾ ਲਾਭ ਉਠਾਉਣ।

ਸ਼੍ਰੀ ਧੀਮਾਨ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 357 ਸੀ.ਐਸ.ਸੀ. ਕੇਂਦਰਾਂ ਤੋਂ ਇਲਾਵਾ ਰਜਿਸਟ੍ਰੇਸ਼ਨ ਅਤੇ ਕਾਰਡ ਜਾਰੀ ਕਰਨ ਲਈ ਰੋਜ਼ਾਨਾ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਇਸ ਯੋਜਨਾ ਹੇਠ ਪੰਜਾਬ ਸਰਕਾਰ ਹਰ ਪਰਿਵਾਰ ਨੂੰ 10 ਲੱਖ ਰੁ. ਤੱਕ ਨਕਦ ਰਹਿਤ ਇਲਾਜ ਦੀ ਸਹੂਲਤ ਪ੍ਰਦਾਨ ਕਰ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਕਾਰਡ ਬਣਾਉਣ ਲਈ ਆਧਾਰ ਕਾਰਡ (ਮੋਬਾਈਲ ਨੰਬਰ ਨਾਲ ਲਿੰਕਡ), ਵੋਟਰ ਕਾਰਡ ਲਾਜ਼ਮੀ ਹੋਣੇ ਚਾਹੀਦੇ ਹਨ। ਉਨ੍ਹਾਂ ਨੇ ਪ੍ਰਸ਼ਾਸਕੀ ਅਧਿਕਾਰੀਆਂ, ਸਿਹਤ ਵਿਭਾਗ, ਕਾਮਨ ਸਰਵਿਸ ਕੇਂਦਰਾਂ, ਸਰਵਿਸ ਕੇਂਦਰਾਂ ਅਤੇ ਹੋਰ ਸੰਬੰਧਤ ਵਿਭਾਗਾਂ ਨੂੰ ਬਿਹਤਰ ਢੰਗ ਨਾਲ ਕੰਮ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਇਹ ਜਨ ਕਲਿਆਣ ਯੋਜਨਾ ਅਸਰਦਾਰ ਢੰਗ ਨਾਲ ਲਾਗੂ ਕੀਤੀ ਜਾ ਸਕੇ।

ਪਰ ਇਸ ਯੋਜਨਾ ਅੰਦਰ ਦਿੱਤੀਆਂ ਜਾਣ ਵਾਲੀਆਂ ਸਿਹਤ ਸੇਵਾਵਾਂ ਨੂੰ ਲੈਕੇ ਜਿਆਦਾਤਰ ਲੋਕਾਂ ਦੇ ਮਨਾਂ ਚ ਅੱਜ ਵੀ ਕਈ ਸ਼ੰਕੇ ਅਤੇ ਸਵਾਲ ਹਨ। ਕਿਉਂ ਕਿ ਇਸ ਯੋਜਨਾ ਤੋਂ ਪਹਿਲਾਂ ਚੱਲ ਰਹੇ ਆਯੁਸ਼ਮਾਨ ਕਾਰਡ ਦਾ ਲਾਹਾ ਕੇਵਲ ਵੱਡੀ ਕਿਸੇ ਬਿਮਾਰੀ ਜਾਂ ਮਰੀਜ਼ ਦੇ ਕਿਸੇ ਹਸਪਤਾਲ ਵਿੱਚ ਦਾਖ਼ਲ ਹੋਣ ਦੀ ਇੱਕ ਨਿਰਧਾਰਿਤ ਕੀਤੀ ਗਈ ਸਮੇਂ ਸੀਮਾਂ ਪੂਰੀ ਹੋਣ ਤੇ ਹੀ ਉਕਤ ਯੋਜਨਾ ਦਾ ਲਾਭ ਮਿਲਦਾ ਸੀ, ਜਦੋਂ ਕਿ ਇੱਕ ਹਜ਼ਾਰ, ਦੋ ਹਜ਼ਾਰ ਜਾਂ ਪੰਜ ਹਜ਼ਾਰ ਤੱਕ ਦੇ ਵੀ ਕੇਵਲ ਟੈਸਟ ਆਦਿ ਹੋਣ ਤੇ ਕਾਰਡ ਧਾਰਕ ਨੂੰ ਕੋਈ ਲਾਭ ਨਹੀਂ ਮਿਲਦਾ ਸੀ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਇਸ ਯੋਜਨਾ ਤਹਿਤ ਵੀ ਅਜਿਹੀਆਂ ਹੀ ਸ਼ਰਤਾਂ ਲਾਗੂ ਹਨ ਤਾਂ ਮੁੱਖ ਮੰਤਰੀ ਸਿਹਤ ਯੋਜਨਾ ਵੀ ਗਰੀਬ ਲੋਕਾਂ ਲਈ ਕੋਈ ਬਹੁਤਾ ਲਾਭਦਾਇਕ ਸਿੱਧ ਨਹੀਂ ਹੋਵੇਗੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਕੰਚਨ, ਐਸ.ਡੀ.ਐਮ ਬਠਿੰਡਾ ਸ਼੍ਰੀ ਬਲਕਰਨ ਸਿੰਘ ਮਾਹਲ, ਐਸ.ਡੀ.ਐਮ ਮੌੜ ਸ਼੍ਰੀ ਹਰਪ੍ਰੀਤ ਸਿੰਘ ਅਟਵਾਲ, ਸ਼੍ਰੀ ਰਾਕੇਸ਼ ਸ਼ਰਮਾ ਐਸ.ਡੀ.ਐਮ ਤਲਵੰਡੀ ਸਾਬੋ, ਸ਼੍ਰੀਮਤੀ ਹਰਸ਼ਿਤਾ ਆਈ.ਏ.ਐਸ (ਯੂਟੀ), ਡੀ.ਐਮ.ਸੀ ਡਾ. ਨਵਪ੍ਰੀਤ ਕੌਰ, ਵੱਖ-ਵੱਖ ਸਬ ਡਵੀਜ਼ਨਾਂ ਦੇ ਐਸ.ਐੱਮ.ਓ, ਸੀ.ਐਸ.ਸੀ. ਦੇ ਜ਼ਿਲ੍ਹਾ ਇੰਚਾਰਜ ਸ਼੍ਰੀ ਤਰਸੇਮ ਸਿੰਘ ਬਰਾੜ ਅਤੇ ਹੋਰ ਬੈਠਕ ਵਿੱਚ ਮੌਜੂਦ ਸਨ।

## "ਸਵਾਭਿਮਾਨ ਸਾਹਿਤ ਪਰਿਵਾਰ" ਦੀ 'ਵਿਸ਼ੇਸ਼ ਹੋਲੀ ਗੀਤ' ਐਲਬਮ ਵਿੱਚ ਪ੍ਰੋ. ਨਵ ਸੰਗੀਤ ਸਿੰਘ ਦਾ ਪੰਜਾਬੀ ਗੀਤ ਸ਼ਾਮਲ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ 3 ਮਾਰਚ : ਰੰਗਾਂ ਦੇ ਖੁਸ਼ੀ ਭਰੇ ਤਿਉਹਾਰ ਹੋਲੀ ਦੇ ਮੌਕੇ 'ਤੇ "ਸਵਾਭਿਮਾਨ ਸਾਹਿਤ ਪਰਿਵਾਰ" ਨੇ ਸਵਾਭਿਮਾਨ ਸਾਹਿਤ ਯੂਟਿਊਬ ਚੈਨਲ 'ਤੇ ਇੱਕ ਵਿਲੱਖਣ ਅਤੇ ਮਨਮੋਹਕ ਵੀਡੀਓ, 'ਵਿਸ਼ੇਸ਼ ਹੋਲੀ ਗੀਤ' ਜਾਰੀ ਕੀਤੀ ਹੈ। ਇਹ ਵੀਡੀਓ ਸਾਹਿਤਕ ਰਚਨਾਤਮਕਤਾ, ਸੰਗੀਤਕ ਸੁਰਾਂ ਅਤੇ ਰਵਾਇਤੀ ਹੋਲੀ ਦੀ ਭਾਵਨਾ ਦਾ ਇੱਕ ਸ਼ਾਨਦਾਰ ਮਿਸ਼ਰਣ ਹੈ, ਜਿਸਨੂੰ ਨਰੇਸ਼ ਕੁਮਾਰ ਆਸ਼ਟਾ ਨੇ ਆਪਣੀਆਂ ਹੋਲੀ ਵਾਲੀਆਂ ਪਿਚਕਾਰੀ ਧੁਨੀਆਂ ਨਾਲ ਜੀਅ-ਜਾਨ ਨਾਲ ਸ਼ਿੰਗਾਰਿਆ ਹੈ। ਇਹ ਵਿਸ਼ੇਸ਼ ਪੇਸ਼ਕਾਰੀ ਦਰਸ਼ਕਾਂ ਨੂੰ ਨੱਚਣ ਅਤੇ ਹੋਲੀ ਦੇ ਰੰਗਾਂ ਵਿੱਚ ਭਿੱਜਣ ਲਈ ਮਜਬੂਰ ਕਰੇਗੀ।




ਦੇਸ਼ ਦੇ ਵੱਖ-ਵੱਖ ਕੋਨਿਆਂ ਤੋਂ ਉੱਘੇ 8 ਕਵੀਆਂ, ਗੀਤਕਾਰਾਂ ਨੇ ਇਸ ਸਾਹਿਤਕ ਅਤੇ ਸੰਗੀਤਕ ਯਾਤਰਾ ਵਿੱਚ ਆਪਣੀਆਂ ਦਿਲਕਸ਼ ਤੇ ਰੰਗੀਨ ਕਵਿਤਾਵਾਂ/ਗੀਤਾਂ ਦਾ ਯੋਗਦਾਨ ਪਾਇਆ ਹੈ, ਜਿਸ ਨਾਲ ਇਹ ਵੀਡੀਓ ਹੋਰ ਵੀ ਖਾਸ ਬਣ ਗਿਆ ਹੈ। ਇਸ ਸੰਗੀਤਕ ਐਲਬਮ ਦੇ ਪ੍ਰਮੁੱਖ ਗੀਤਕਾਰਾਂ ਵਿੱਚ ਸ਼ਾਮਲ ਹਨ :

ਪ੍ਰੋ. ਨਵ ਸੰਗੀਤ ਸਿੰਘ, ਭੀਮ ਸਿੰਘ 'ਸਾਥੀ', ਸੋਨਲ ਮੰਜੂਸ਼੍ਰੀ, ਸਿਧੇਸ਼ਵਰ, ਡਾ ਅਨੁਜ ਪ੍ਰਭਾਤ, ਰੇਖਾ ਕਿੰਗਰ ਰੌਸ਼ਨੀ, ਜਾਗ੍ਰਿਤੀ ਗੌੜ ਅਤੇ ਸੰਤੋਸ਼ ਪੁਰੀ।

* ਪ੍ਰੋ. ਨਵ ਸੰਗੀਤ ਸਿੰਘ (ਪਟਿਆਲਾ, ਪੰਜਾਬ) ਆਪਣੀ ਸ਼ਕਤੀਸ਼ਾਲੀ ਤੇ ਮਸਤੀ-ਭਰੀ ਲੇਖਣੀ ਵਿੱਚ ਪੰਜਾਬੀ ਸਾਹਿਤ, ਜੀਵੰਤ ਰੰਗਾਂ ਅਤੇ ਬਾਜ਼ਾਰਾਂ ਦੇ ਭੀੜ-ਭੜੱਕੇ ਨੂੰ ਕੈਦ ਕਰਦੇ ਹਨ ਅਤੇ ਦਰਸ਼ਕਾਂ ਨੂੰ ਆਪਣੇ ਪੰਜਾਬੀ ਗੀਤ "ਹੋਲੀ ਦਾ ਤਿਓਹਾਰ" 'ਤੇ ਭੰਗੜੇ ਦੀਆਂ ਢੋਲ-ਬੀਟਾਂ 'ਤੇ ਨੱਚਣ ਲਈ ਮਜਬੂਰ ਕਰਦੇ ਹਨ।

* ਭੀਮ ਸਿੰਘ 'ਸਾਥੀ' (ਦਿੱਲੀ) ਨੇ ਪਤਝੜ ਦੀ ਸ਼ਾਂਤ ਸੁੰਦਰਤਾ ਅਤੇ ਬਸੰਤ ਦੀ ਤਾਜ਼ਗੀ ਤੋਂ ਬਾਅਦ ਪੂਰੇ ਦਿਲ ਨਾਲ ਹੋਲੀ ਦੇ ਰੰਗਾਂ ਨੂੰ ਅਪਣਾਇਆ ਹੈ ਅਤੇ ਆਪਣੇ ਗੀਤ ਰਾਹੀਂ "ਅਸੀਂ ਤੁਹਾਡੀ ਹੋਲੀ ਨੂੰ ਸਵੀਕਾਰ ਕਰਦੇ ਹਾਂ" ਦਾ ਸੰਦੇਸ਼ ਦਿੱਤਾ ਹੈ।

* ਸੋਨਲ ਮੰਜੂ ਸ਼੍ਰੀ ਉਮਰ (ਰਾਜਕੋਟ) ਆਪਣੀ ਊਰਜਾਵਾਨ ਪੇਸ਼ਕਾਰੀ ਨਾਲ "ਹੋਲੀ ਦਾ ਹੰਗਾਮਾ" ਕਰਨ ਆ ਰਹੀ ਹੈ, ਜੋ ਮਾਹੌਲ ਨੂੰ ਹੋਰ ਵੀ ਰੌਸ਼ਨ ਕਰੇਗੀ।

* ਸਿਧੇਸ਼ਵਰ (ਪਟਨਾ) "ਸਭ ਨੂੰ ਅਸਮਾਨ ਹੇਠ ਇਕੱਠੇ" ਕਰਨ ਅਤੇ "ਹੋਲੀ ਦੇ ਰੰਗ" ਲਗਾਉਣ ਦੇ ਆਪਣੇ ਸੱਦੇ ਨਾਲ ਏਕਤਾ ਅਤੇ ਸਦਭਾਵਨਾ ਦਾ ਸੰਦੇਸ਼ ਫੈਲਾ ਰਹੇ ਹਨ।

* ਡਾ. ਅਨੁਜ ਪ੍ਰਭਾਤ (ਅਰਰੀਆ) ਦੀ ਪੇਸ਼ਕਾਰੀ "ਦਿਲ ਸੇ ਦਿਲੋਂ ਕਾ ਰੰਗ," ਰਿਸ਼ਤਿਆਂ ਦੀ ਡੂੰਘਾਈ ਨੂੰ ਉਜਾਗਰ ਕਰਦੇ ਹੋਏ ਦਿਲ ਤੋਂ ਰੰਗ ਲਗਾਉਣ ਦਾ ਭਾਵਨਾਤਮਕ ਅਨੁਭਵ ਪ੍ਰਦਾਨ ਕਰੇਗੀ।

* ਰੇਖਾ ਕਿੰਗਰ ਰੋਸ਼ਨੀ (ਮੁੰਬਈ) "ਮਤਵਾਰੇ ਫਾਗੁਨ ਮੇਂ ਹੋਲੀ" ਗੀਤ ਨਾਲ ਰਾਧਾ ਅਤੇ ਕ੍ਰਿਸ਼ਨ ਦੇ ਸਦੀਵੀ ਪਿਆਰ ਅਤੇ ਉਨ੍ਹਾਂ ਦੇ ਹੋਲੀ ਦੇ ਮਨੋਰੰਜਨ ਨੂੰ ਜੀਵਨ ਵਿੱਚ ਲਿਆਉਂਦੀ ਹੈ।

* ਜਾਗ੍ਰਿਤੀ ਗੌੜ (ਪਟਿਆਲਾ, ਪੰਜਾਬ) ਨੇ ਪਰੰਪਰਾ ਅਤੇ ਵਿਰਾਸਤ ਦੇ ਧਾਗੇ ਬੁਣਦੇ ਹੋਏ "ਹੋਲੀ ਦੀ ਕਹਾਣੀ" ਨੂੰ ਬਿਆਨ ਕੀਤਾ ਹੈ, ਜੋ ਇਸ ਤਿਉਹਾਰ ਦੇ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਵ ਨੂੰ ਦਰਸਾਉਂਦੀ ਹੈ।

* ਸੰਤੋਸ਼ ਪੁਰੀ (ਨਵੀਂ ਦਿੱਲੀ) ਪਰਿਵਾਰਾਂ ਅਤੇ ਸਮਾਜ ਵਿੱਚ ਭੇਦਭਾਵ ਨੂੰ ਖਤਮ ਕਰਨ ਦੇ ਉਦੇਸ਼ ਨਾਲ "ਹੋਲੀ ਆਈ ਰੇ, ਹੋਲੀ ਆਈ ਰੇ" ਦਾ ਐਲਾਨ ਕਰਦੀ ਹੈ, ਜੋ ਸਾਰਿਆਂ ਨੂੰ ਇਕੱਠੇ ਹੋਣ ਅਤੇ ਖੁਸ਼ੀ ਸਾਂਝੀ ਕਰਨ ਲਈ ਪ੍ਰੇਰਿਤ ਕਰਦੀ ਹੈ।

ਦੇਸ਼ ਦੇ ਵੱਖ ਵੱਖ ਭਾਗਾਂ ਦੇ ਸਰੋਤਿਆਂ ਦੇ ਪ੍ਰਤੀਕਰਮਾਂ ਤੋਂ ਪਤਾ ਲੱਗਦਾ ਹੈ ਕਿ 'ਸਵਾਭਿਮਾਨ ਸਾਹਿਤਕ ਪਰਿਵਾਰ' ਦਾ ਇਹ ਰੰਗੀਨ ਯਤਨ ਬਹੁਤ ਖ਼ੂਬਸੂਰਤ ਹੈ। ਇਨ੍ਹਾਂ ਗੀਤਾਂ ਦੇ ਪੇਸ਼ਕਾਰ ਤੇ 'ਸਵਾਭਿਮਾਨ ਪ੍ਰੋਡਕਸ਼ਨਜ਼' ਦੇ ਸੂਤਰਧਾਰ ਸ਼੍ਰੀ ਨਰੇਸ਼ ਕੁਮਾਰ ਆਸ਼ਟਾ ਨੇ ਵਿਸ਼ਵਾਸ ਪ੍ਰਗਟ ਕੀਤਾ ਹੈ ਕਿ ਹੋਲੀ ਦੇ ਇਸ ਸ਼ੁਭ ਮੌਕੇ 'ਤੇ ਇਹਨਾਂ ਪ੍ਰੇਰਨਾਦਾਇਕ ਤੇ ਮਨੋਰੰਜਕ ਗੀਤਾਂ ਨਾਲ ਸਾਰੇ ਸਰੋਤਿਆਂ ਦਾ ਜੀਵਨ ਵੀ ਆਨੰਦਿਤ ਹੋ ਉਠੇਗਾ!

## ਮਹਾਂਮਾਈ ਦਾ ਬੇਹਤਰੀਣ ਧਾਰਮਿਕ ਭਜਨ 'ਜੋਤ' ਦਾ ਪੋਸਟਰ ਕੀਤਾ ਲੋਕ ਅਰਪਣ ।

ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ

ਫ਼ਰੀਦਕੋਟ 3 ਮਾਰਚ : ਅੱਜ 'ਰਾਧਾ ਕ੍ਰਿਸ਼ਨ ਧਾਮ ਫ਼ਰੀਦਕੋਟ' ਪੰਜਾਬੀ ਸੰਗੀਤ ਦੇ ਨਾਮਵਰ ਲੋਕ ਗਾਇਕ ਜੇ.ਪੀ ਸਿੰਘ ਜੋ ਕਿਸੇ ਜਾਣ ਪਹਿਚਾਣ ਦੇ ਮੁਥਾਜ ਨਹੀ ,ਓਹ ਇੱਕ ਸੰਵੇਦਨਸ਼ੀਲ ਤੇ ਸਥਾਪਿਤ ਲੋਕ ਗਾਇਕ ਹਨ। ਹੁਣ ਤੱਕ ਓਨਾਂ ਦੇ ਤਕਰੀਬਨ ਅੱਠ ਤੋ ਵੱਧ ਧਾਰਮਿਕ ਭਜਨ ਤੇ ਲੋਕ ਗੀਤ ਸੰਗੀਤ ਖੇਤਰ ਵਿੱਚ ਆਪਣੀ ਵਿਲੱਖਣ ਛਾਪ ਛੱਡ ਚੁੱਕੇ ਹਨ।



ਪ੍ਰਸਿੱਧ ਕੰਪਨੀ "ਸੁਮਾਰੂ" ਤੇ ਏਨਾਂ ਦੇ ਭਜਨ 'ਮਾਂ ਦਾ ਮੰਦਰ' ਤੇ 'ਮਾਂ' ਭਜਨ ਨੂੰ ਮਹਾਂਮਾਈ ਦੇ ਭਗਤਾਂ ਵੱਲੋ ਮਣਾਂ ਮੂੰਹੀ ਪਿਆਰ ਮੁਹੱਬਤ ਮਿਲ ਰਿਹਾ ਹੈ।

ਏਸੇ ਲੜੀ ਤਹਿਤ ਅੱਜ ਓਨਾਂ ਦੇ ਨਵੇ ਖ਼ੂਬਸੂਰਤ ਮਹਾਂਮਾਈ ਦੇ ਧਾਰਮਿਕ ਭਜਨ 'ਜੋਤ' ਦਾ ਪੋਸਟਰ ਸੰਗੀਤਕ ਪ੍ਰੇਮੀਆਂ ਦੀ ਹਾਜਰੀ ਵਿੱਚ ਲੋਕ ਅਰਪਣ ਕੀਤਾ ਗਿਆਂ। ਇਸ ਸਮੇ ਸੰਗੀਤ ਜਗਤ ਦੇ ਚਰਚਿਤ ਲੋਕ ਗਾਇਕ ਬਲਧੀਰ ਮਾਹਲਾ ਜੀ ਨੇ ਪ੍ਰੈੱਸ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਧਾਰਮਿਕ ਭਜਨ 'ਜੋਤ' ਮਹਾਂਮਾਈ ਦੇ ਭਗਤਾਂ ਲਈ ਖ਼ੂਬਸੂਰਤ ਇੱਕ ਤੋਹਫ਼ਾ ਹੈ। ਲੋਕ ਗਾਇਕ ਬਲਧੀਰ ਮਾਹਲਾ ਜੀ ਚੋਖੀ ਸਲਾਹੁਣਾ ਕਰਦਿਆ ਕਿਹਾ ਕਿ ਜੇ.ਪੀ ਸਿੰਘ ਇੱਕ ਵਧੀਆ ਤੇ ਮਿਲਣਸਾਰ ਮਾਣਮੱਤੀ ਸਖਸ਼ੀਅਤ ਹੈ। ਏਨਾਂ ਖੁਦ ਧਾਰਮਿਕ ਭਜਨ ਖ਼ੂਬਸੂਰਤ ਸ਼ਬਦਾਵਲੀ ਵਿੱਚ ਪਰੋਇਆਂ ਤੇ ਕੰਪੋਜ਼ ਅਤੇ ਰੂਹਾਨੀਅਤ ਨਾਲ ਗਾਇਆ। ਇਸ ਨੂੰ ਸੰਗੀਤ ਬੱਧ ਕੀਤਾ ਹੈ ਪ੍ਰਸਿੱਧ ਸੰਗੀਤਕਾਰ 'ਕਲੇਰ ਕੁਲਵੰਤ ਜੀ' ਨੇ ਅਤੇ ਇਸ ਦਾ ਫਿਲਮਾਂਕਣ ਨਾਮਵਰ ਵੀਡੀਓਗ੍ਰਾਫਰ 'ਮੁਨੀਸ਼ ਠੁਕਰਾਲ ਜੀ' ਨੇ ਬੜੇ ਸੁਚੱਜੇ ਢੰਗ ਨਾਲ ਤਿਆਰ ਕੀਤਾ। ਇਹ ਮਹਾਂਮਾਈ ਦਾ ਭਜਨ ਬਹੁਤ ਜਲਦ 'ਓ ਓ ਜੇ.ਪੀ ਪ੍ਰੋਡਕਸ਼ਨ' ਤੇ ਸੁਣਨ ਤੇ ਦੇਖਣ ਨੂੰ ਮਿਲੇਗਾ। ਸੋ ਆਪ ਸਭ ਇਸਨੂੰ ਕਮੈਂਟ ਤੇ ਲਾਈਕ ਕਰਨਾ। ਮੇਰੀਆਂ ਦੁਆਵਾਂ ਪੂਰੀ ਟੀਮ ਲਈ। ਮਹਾਂਮਾਈ ਏਨਾਂ ਦੀ ਮਿਹਨਤ ਨੂੰ ਚੋਖਾ ਬਲ ਦੇਵੇ। ਵਿਸੇਸ਼ ਧੰਨਵਾਦ ਬਲਧੀਰ ਮਾਹਲਾ, ਬੂਟਾ ਸਿੰਘ ਤੇ ਪ੍ਰਿੰਸ ਸਿੱਧੂ।

ਇਸ ਮੌਕੇ ਫ਼ਰੀਦ ਅਟਵਾਲ, ਲੱਕੀ ਚਾਵਲਾ, ਗੀਤਕਾਰ ਤੇ ਗ਼ਜ਼ਲਗੋ ਮਨਜਿੰਦਰ ਗੋਹਲੀ,ਦੀਪਕ ਸ਼ਰਮਾਂ, ਕਾਮਰੇਡ ਵੀਰ ਸਿੰਘ ਕੰਮੇਆਣਾ, ਬਲਕਾਰ ਸਿੰਘ ਸਹੋਤਾ, ਲਵਲੀਨ ਚਾਵਲਾ, ਬੂਟਾ ਸਿੰਘ, ਤਜਿੰਦਰ ਸਿੰਘ, ਰਮੇਸ਼ ਗੁਪਤਾ, ਮੂਨ ਚਾਵਲਾ , ਪੱਤਰਕਾਰ ਅਲੈਗਜੈਂਡਰ ਡਿਸੂਜਾ, ਦੀਪੂ ਸਿੰਗਲਾ ਤੇ ਸ਼ਿਵਨਾਥ ਦਰਦੀ ਹਾਜਿਰ ਸਨ।

## ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਈਰਾਨ ਉੱਪਰ ਅਮਰੀਕੀ-ਇਜ਼ਰਾਈਲੀ ਹਮਲੇ ਦੀ ਜ਼ੋਰਦਾਰ ਨਿਖੇਧੀ

### ਈਰਾਨ ਦੇ ਧਾਰਮਿਕ ਆਗੂ ਖਾਮੇਨਾਈ ਦੀ ਪਰਿਵਾਰ ਸਮੇਤ ਮੌਤ ’ਤੇ ਦੁੱਖ ਪ੍ਰਗਟ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 3 ਮਾਰਚ : ਅਮਰੀਕੀ ਸਾਮਰਾਜ ਅਤੇ ਉਸਦੇ ਪਾਲਤੂ ਇਜ਼ਰਾਈਲੀ ਜੰਗਬਾਜਾਂ ਵੱਲੋਂ ਈਰਾਨ ਨਾਲ ਸਮਝੌਤੇ ਸਬੰਧੀ ਗੱਲਬਾਤ ਦੀ ਆੜ ਵਿੱਚ ਧੋਖੇ ਨਾਲ ਹਮਲਾ ਕਰਕੇ ਉੱਥੋਂ ਦੇ ਬਜ਼ੁਰਗ ਧਾਰਮਿਕ ਅਤੇ ਰਾਜਨੀਤਿਕ ਆਗੂ ਸੱਯਦ ਅਲੀ ਖਾਮੇਨਾਈ, ਉਸਦੇ ਪਰਿਵਾਰਕ ਮੈਂਬਰਾਂ ਅਤੇ ਚਾਰ ਦਰਜਨ ਦੇ ਕਰੀਬ ਸਿਖਰਲੇ ਫੌਜੀ ਅਧਿਕਾਰੀਆਂ ਨੂੰ ਕਤਲ ਕਰ ਦੇਣ ਨਾਲ ਸੰਸਾਰ ਦੀ ਰਾਜਨੀਤੀ ਵਿੱਚ ਹਨੇਰਗਰਦੀ ਦੇ ਇੱਕ ਨਵੇਂ ਦੌਰ ਦੀ ਸ਼ੁਰੂਆਤ ਹੋ ਗਈ ਹੈ ਜਿੱਥੇ ਅੰਤਰਰਾਸ਼ਟਰੀ ਕਾਨੂੰਨ ਅਤੇ ਅਮਨ-ਸ਼ਾਂਤੀ ਨੂੰ ਜਾਬਰਾਂ ਵੱਲੋਂ ਬੰਬਾਂ ਨਾਲ ਮਲੀਆਮੇਟ ਕਰ ਦਿੱਤਾ ਗਿਆ ਹੈ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਜਿਲਾ ਫਰੀਦਕੋਟ ਦੇ ਸਕੱਤਰ ਅਸ਼ੋਕ ਕੌਸ਼ਲ, ਮੀਤ ਸਕੱਤਰ ਕਾਮਰੇਡ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ, ਮੀਤ ਸਕੱਤਰ ਪ੍ਰੇਮ ਚਾਵਲਾ, ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਸੁਖਜਿੰਦਰ ਸਿੰਘ ਤੂੰਬੜਭੰਨ, ਪੈਨਸ਼ਨਰ ਆਗੂ ਗੁਰਚਰਨ ਸਿੰਘ ਮਾਨ, ਕੁਲਵੰਤ ਸਿੰਘ ਚਾਨੀ, ਹਰਪਾਲ ਸਿੰਘ ਮਚਾਕੀ, ਇੰਦਰਜੀਤ ਸਿੰਘ ਗਿੱਲ, ਸੋਮਨਾਥ ਅਰੋੜਾ, ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਜਗਤਾਰ ਸਿੰਘ ਭਾਣਾ, ਮੁਖਤਿਆਰ ਸਿੰਘ ਭਾਣਾ, ਬੋਹੜ ਸਿੰਘ ਔਲਖ, ਰੇਸ਼ਮ ਸਿੰਘ ਅਤੇ ਇਕਬਾਲ ਸਿੰਘ ਰਣ ਸਿੰਘ ਵਾਲਾ,





ਨਰੇਗਾ ਮਜ਼ਦੂਰਾਂ ਦੇ ਆਗੂ ਕਾਮਰੇਡ ਵੀਰ ਸਿੰਘ ਕੰਮੇਆਣਾ ਨੇ ਕਿਹਾ ਕਿ ਹਰ ਦੇਸ਼ ਨੂੰ ਆਪਣੀ ਅਜ਼ਾਦੀ ਅਤੇ ਪ੍ਰਭੂਸੱਤਾ ਦੀ ਰਾਖੀ ਕਰਨ ਦਾ ਹੱਕ ਹੈ ਅਤੇ ਕਿਸੇ ਵੀ ਵਿਦੇਸ਼ੀ ਤਾਕਤ ਨੂੰ ਇਹ ਫ਼ੈਸਲਾ ਕਰਨ ਦਾ ਹੱਕ ਨਹੀਂ ਕਿ ਉੱਥੇ ਕਿਸ ਤਰਾਂ ਦੀ ਸਰਕਾਰ ਹੋਵੇ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਅੰਤਰਰਾਸ਼ਟਰੀ ਕਾਨੂੰਨਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਪਿਛਲੇ ਸਾਲ ਜੂਨ ਦੇ ਮਹੀਨੇ ਵਿੱਚ ਵੀ ਈਰਾਨ ਉੱਪਰ ਹਮਲਾ ਕੀਤਾ, ਫਿਰ ਵੈਨਜੁਏਲਾ ਦੇ ਚੁਣੇ ਹੋਏ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੂੰ ਅਗਵਾ ਕਰਕੇ ਕੈਦ ਕਰ ਲਿਆ ਅਤੇ ਹੁਣ ਫਿਰ ਝੂਠੇ ਬਹਾਨੇ ਬਣਾ ਕੇ ਸਾਰੇ ਖਾੜੀ ਦੇਸ਼ਾਂ ਨੂੰ ਜੰਗ ਦੀ ਭੱਠੀ ਵਿੱਚ ਝੋਕ ਦਿੱਤਾ ਹੈ। ਭਾਰਤ ਸਮੇਤ ਸੰਸਾਰ ਦੇ ਦਰਜਨਾਂ ਦੇਸ਼ਾਂ ਨਾਲ ਟੈਰਿਫ ਅਤੇ ਆਰਥਿਕ ਪਾਬੰਦੀਆਂ ਦੇ ਨਾਂਅ ’ਤੇ ਧੌਂਸਬਾਜੀ ਅਤੇ ਬਲੈਕਮੇਲਿੰਗ ਅਮਰੀਕਾ ਦੀ ਵਿਦੇਸ਼ ਨੀਤੀ ਦਾ ਪੱਕਾ ਅੰਗ ਬਣ ਚੁੱਕੀ ਹੈ। ਕਮਿਊਨਿਸਟ ਆਗੂਆਂ ਨੇ ਕਿਹਾ ਕਿ ਅਜ਼ਾਦੀ ਦੇ ਸਮੇਂ ਤੋਂ ਹੀ ਭਾਰਤ ਸਾਮਰਾਜ ਵਿਰੋਧੀ ਗੁੱਟ ਨਿਰਪੱਖ ਵਿਦੇਸ਼ ਨੀਤੀ ਤੇ ਚੱਲਦਾ ਆਇਆ ਹੈ ਪਰ ਅਫ਼ਸੋਸ ਦੀ ਗੱਲ ਹੈ ਕਿ ਅੱਜ ਭਾਰਤ ਦੇ ਪ੍ਰਧਾਨ ਮੰਤਰੀ ਇਜ਼ਰਾਈਲੀ ਜੰਗਬਾਜ ਨੇਤਨਯਾਹੂ ਤੋਂ ਆਪਣੇ ਗਲ ਵਿੱਚ ਮੈਡਲ ਪੁਆ ਰਹੇ ਹਨ ਜਿਸ ਦੇ ਹੱਥ 72,000 ਤੋਂ ਵੱਧ ਫ਼ਲਸਤੀਨੀ ਨਾਗਰਿਕਾਂ ਦੇ ਖੂਨ ਨਾਲ ਰੰਗੇ ਹੋਏ ਹਨ। ਸੀ ਪੀ ਆਈ ਆਗੂਆਂ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਉਹ ਤੁਰਤ ਈਰਾਨ ਉੱਪਰ ਹਮਲੇ ਦੀ ਨਿੰਦਾ ਕਰੇ ਅਤੇ ਇਹ ਜੰਗ ਰੁਕਵਾਉਣ ਲਈ ਆਪਣੇ ਪ੍ਰਭਾਵ ਦੀ ਵਰਤੋਂ ਕਰੇ ਵਰਨਾ ਆਉਣ ਵਾਲੇ ਸਮੇਂ ਵਿੱਚ ਤੇਲ ਦੀ ਸਪਲਾਈ ਵਿੱਚ ਵਿਘਨ ਪੈਣ ਨਾਲ ਮਹਿੰਗਾਈ ਵਿੱਚ ਚੌਤਰਫਾ ਵਾਧਾ ਹੋਵੇਗਾ ਜਿਸ ਦਾ ਭਾਰਤ ਸਮੇਤ ਸਾਰੇ ਸੰਸਾਰ ਦੀ ਆਰਥਿਕਤਾ ਤੇ ਮਾੜਾ ਅਸਰ ਪਵੇਗਾ।

## ਅਰਵਿੰਦ ਕੇਜਰੀਵਾਲ ਤੇ ਮੁਨੀਸ਼ ਸਿਸੌਦੀਆ ਨੂੰ ਸਾਜ਼ਿਸ਼ ਤਹਿਤ ਫਸਾਇਆ ਗਿਆ ਸੀ, ਪਰ ਸੱਚ ਦੀ ਹੋਈ ਜਿੱਤ : ਜਸਵਿੰਦਰ ਬੱਬੂ

### ਸਾਜ਼ਿਸ਼ਾਂ ਦੇ ਬੱਦਲ ਸੱਚ ਦੇ ਸੂਰਜ ਨੂੰ ਲੰਮਾ ਸਮਾਂ ਨਹੀਂ ਢੱਕ ਸਕਦੇ : ਜਸਵਿੰਦਰ ਬੱਬੂ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 3 ਮਾਰਚ : ਆਮ ਆਦਮੀ ਪਾਰਟੀ ਦੇ ਹਲਕਾ ਕੋਟਕਪੂਰਾ ਤੋਂ ਕੋਆਰਡੀਨੇਟਰ ਜਸਵਿੰਦਰ ਸਿੰਘ ਬੱਬੂ ਨੇ ਕਿਹਾ ਕਿ ਅਦਾਲਤ ਦੇ ਫੈਸਲੇ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਸਾਜ਼ਿਸ਼ਾਂ ਦੇ ਬੱਦਲ ਸੱਚ ਦੇ ਸੂਰਜ ਨੂੰ ਲੰਮਾ ਸਮਾਂ ਢੱਕ ਨਹੀਂ ਸਕਦੇ, ਅੰਤ ਵਿੱਚ ਸੱਚ ਦੀ ਹੀ ਜਿੱਤ ਹੁੰਦੀ ਹੈ, ਇਸ ਨਾਲ ਲੋਕਤੰਤਰ ਦਾ ਮਾਣ ਵੀ ਬਹਾਲ ਹੁੰਦਾ ਹੈ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਦੀ ਇਮਾਨਦਾਰੀ ਅਤੇ ਸੰਘਰਸ਼ੀਲੇ ਸੁਭਾਵ ’ਤੇ ਪੂਰੇ ਦੇਸ਼ ਨੂੰ ਮਾਣ ਹੈ। ਉਨ੍ਹਾਂ ਕਿਹਾ ਕਿ ਪਾਰਟੀ ਹਮੇਸ਼ਾ ਸੱਚ ਅਤੇ ਨਿਆਂ ਦੀ ਲੜਾਈ ਲੜਦੀ ਰਹੇਗੀ ਅਤੇ ਲੋਕਾਂ ਦੀ ਸੇਵਾ ਲਈ ਵਚਨਬੱਧ ਹੈ। ਉਹਨਾਂ ਕਿਹਾ ਕਿ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਨੂੰ ਭਾਜਪਾ ਸਰਕਾਰ ਵਲੋਂ ਝੂਠ ਤਹਿਤ ਫਸਾਇਆ ਗਿਆ ਸੀ, ਅਦਾਲਤ ਨੇ ਸਾਰੀ ਸੱਚਾਈ ਉਜਾਗਰ ਕਰ ਦਿੱਤੀ ਹੈ। ਜਸਵਿੰਦਰ ਬੱਬੂ ਨੇ ਕਿਹਾ ਕਿ ਸਾਜ਼ਿਸ਼ ਤਹਿਤ ਭਾਜਪਾ ਨੇ ਆਪਣੀਆਂ ਏਜੰਸੀਆਂ ਰਾਹੀਂ ਆਮ ਆਦਮੀ ਪਾਰਟੀ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ, ਉਹ ਸੱਚਾਈ ਦੇ ਸਾਹਮਣੇ ਢਹਿ ਗਈ ਹੈ, ਕਿਉਂਕਿ ਲੋਕਤੰਤਰ ਨੂੰ ਡਰ ਅਤੇ ਦਬਾਅ ਨਾਲ ਨਹੀਂ ਕੁਚਲਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਇਹ ਲੜਾਈ ਕਿਸੇ ਇਕ ਵਿਅਕਤੀ ਦੀ ਨਹੀਂ, ਸਗੋਂ ਦੇਸ਼ ਦੀ ਜਮਹੂਰੀਅਤ ਅਤੇ ਸੰਵਿਧਾਨ ਦੀ ਰੱਖਿਆ ਦੀ ਲੜਾਈ ਹੈ। ਉਨ੍ਹਾਂ ਕਿਹਾ ਕਿ ਲੰਮਾ ਸਮਾਂ ਸੂਬੇ ’ਚ ਰਾਜ ਕਰਨ ਵਾਲੀਆਂ ਪਾਰਟੀਆਂ ਅੱਜ ਸੱਤਾ ’ਤੇ ਕਾਬਜ਼ ਹੋਣ ਲਈ ਉਤਾਵਲੀਆਂ ਹੋ ਰਹੀਆਂ ਹਨ ਪਰ ਪੰਜਾਬ ਦੇ ਲੋਕ ਜਾਣਦੇ ਹਨ ਕਿ ਇਨਾਂ ’ਤੇ ਮਿਲੀਭੁਗਤ ਨਾਲ ਵਾਰੋ ਵਾਰੀ ਰਾਜ ਕੀਤਾ ਤੇ ਸੂਬੇ ਨੂੰ ਕਰਜੇ, ਨਸ਼ੇ ਤੇ ਬੇਰੁਜ਼ਗਾਰੀ ਵੱਲ ਧੱਕਿਆ, ਅੱਜ ਇਹ ਝੂਠ ਬੋਲ ਕੇ ਲੋਕਾਂ ਨੂੰ ਗੁੰਮਰਾਹ ਕਰਨ ਵਿੱਚ ਲੱਗੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਮਾਨ ਸਰਕਾਰ ਵੱਲੋਂ ਲੋਕਾਂ ਨੂੰ ਚੋਣਾਂ ਸਮੇਂ ਕੀਤੇ ਵਾਅਦੇ ਅਨੁਸਾਰ ਅਨੇਕਾਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।

## ਸਪੀਕਰ ਸੰਧਵਾਂ ਨੇ ਫੈਕਟਰੀ ਰੋਡ ਨੇੜੇ ਰੇਲਵੇ ਫਾਟਕ ਸੜਕ ਦਾ ਕੰਮ ਸ਼ੁਰੂ ਕਰਵਾਇਆ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 3 ਮਾਰਚ : ਕੋਟਕਪੂਰਾ ਹਲਕੇ ਵਿੱਚ ਵਿਕਾਸ ਕਾਰਜਾਂ ਦੀ ਗਤੀ ਨੂੰ ਹੋਰ ਤੇਜ਼ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅੱਜ 40 ਲੱਖ ਰੁਪਏ ਦੀ ਗ੍ਰਾਂਟ ਨਾਲ ਫੈਕਟਰੀ ਰੋਡ ਨੇੜੇ ਰੇਲਵੇ ਫਾਟਕ ਕੋਲ ਨਵੀਂ ਬਣਨ ਵਾਲੀ ਸੜਕ ਦਾ ਕੰਮ ਸ਼ੁਰੂ ਕਰਵਾਇਆ। ਇਸ ਸੜਕ ਦੇ ਤਿਆਰ ਹੋਣ ਨਾਲ ਇਲਾਕੇ ਦੇ ਪਿੰਡਾਂ ਨੂੰ ਸੁਰੱਖਿਅਤ ਅਤੇ ਵਧੀਆ ਆਵਾਜਾਈ ਦੀ ਸਹੂਲਤ ਮਿਲੇਗੀ, ਜਿਸ ਨਾਲ ਲੋਕਾਂ ਦਾ ਸਮਾਂ ਅਤੇ ਖਰਚ ਦੋਵਾਂ ਦੀ ਬੱਚਤ ਹੋਵੇਗੀ। ਇਸ ਮੌਕੇ ਸਪੀਕਰ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਤੇ ਸ਼ਹਿਰਾਂ ਵਿੱਚ ਬੁਨਿਆਂਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵੱਡੇ ਪੱਧਰ ’ਤੇ ਰਾਸ਼ੀ ਖਰਚ ਰਹੀ ਹੈ ਤਾਂ ਜੋ ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜਿਆ ਜਾ ਸਕੇ ਅਤੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਵਿਕਾਸ ਕਾਰਜਾਂ ਨੂੰ ਪਾਰਦਰਸ਼ਤਾ ਅਤੇ ਗੁਣਵੱਤਾ ਨਾਲ ਸਮਾਂ ਬੱਧ ਪੂਰਾ ਕੀਤਾ ਜਾਵੇ। ਇਸ ਮੌਕੇ ਗੁਰਮੀਤ ਸਿੰਘ ਆਰੇਵਾਲਾ, ਅਮਨਦੀਪ ਸਿੰਘ ਸੰਧੂ, ਗੁਰਪ੍ਰੀਤ ਸਿੰਘ ਗੈਰੀ ਵੜਿੰਗ, ਪ੍ਰੀਤ ਸ਼ਰਮਾ (ਕਾਕੂ ਐਮ.ਸੀ.), ਨਰੇਸ਼ ਕੁਮਾਰ, ਜੋਗਿੰਦਰ ਕੁਮਾਰ, ਸਚਿਨ ਗੋਇਲ, ਸੁਮਿਤ ਗੁਰਗ ਜਿੰਦਰ ਨਰੂਲਾ, ਰਵੀ ਗੋਇਲ, ਮੇਸ਼ਾ ਨਰੂਲਾ, ਵਿਦਿਆਧਰ, ਵਿਜੇ ਕੁਮਾਰ, ਵਿੱਕੀ ਸਿੰਗਲਾ, ਸਚਿਨ ਚੱਕੀ, ਛਿੰਦਾ ਮੈਡੀਕਲ, ਰਤਨ ਲਾਲ ਯਾਦਵ, ਰਾਕੇਸ਼ ਸ਼ਰਮਾ, ਗੁਰਪਿਆਰ ਬਰਾੜ, ਧਰਮਿੰਦਰ ਬਰਾੜ ਤੋਂ ਇਲਾਵਾ ਕੋਟਕਪੂਰਾ ਵਾਸੀ ਵੀ ਹਾਜ਼ਰ ਸਨ।

## ਵੱਡੀ ਗਿਣਤੀ ਵਿੱਚ ਲੋਕ ‘ਆਪ’ ਦੇ ਕਾਫਲੇ ਵਿੱਚ ਸ਼ਾਮਿਲ : ਸੰਧਵਾਂ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 3 ਮਾਰਚ : ਕੁਲਤਾਰ ਸਿੰਘ ਸੰਧਵਾਂ ਪੰਜਾਬ ਵਿਧਾਨ ਸਪੀਕਰ ਵੱਲੋਂ ਅੱਜ ਕੋਟਕਪੂਰਾ ਹਲਕੇ ਦੇ ਨਿਵਾਸੀਆਂ ਨਾਲ ਅਹਿਮ ਮੀਟਿੰਗ ਕੀਤੀ। ਇਸ ਦੌਰਾਨ ਪੰਜਾਬ ਸਰਕਾਰ ਦੀਆਂ ਲੋਕ-ਪੱਖੀਨੀਤੀਆਂ ਨੂੰ ਵੇਖ ਕੇ ਵੱਡੀ ਗਿਣਤੀ ਵਿੱਚ ਲੋਕ ਆਮ ਆਦਮੀ ਪਾਰਟੀ ਦੇ ਕਾਫ਼ਲੇ ਵਿੱਚ ਸ਼ਾਮਿਲ ਹੋਏ ਜਿੰਨ੍ਹਾਂ ਦਾ ਸਪੀਕਰ ਵੱਲੋਂ ਦਿਲੋਂ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਤੁਹਾਡਾ ਇਹ ਸਾਥ ਅਤੇ ਵਿਸ਼ਵਾਸ ਸਾਨੂੰ ਜ਼ਮੀਨੀ ਪੱਧਰ ’ਤੇ ਹੋਰ ਮਜ਼ਬੂਤੀ ਪ੍ਰਦਾਨ ਕਰੇਗਾ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਅਸੀਂ ਪੰਜਾਬ ਦੀ ਬਹਿਤਰੀ ਲਈ ਕੰਮ ਕਰਦੇ ਹਾਂ ਅਤੇ ਇਕੱਠੇ ਹੋ ਕੇ ਕੰਮ ਕਰਦੇ ਰਹਾਂਗੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਪਰਿਵਾਰਾਂ ਦਾ ਮਾਣ ਸਤਿਕਾਰ ਹਰ ਹੀਲੇ ਬਰਕਰਾਰ ਰੱਖਿਆ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਸਮੂਹ ਪਰਿਵਾਰਾਂ ਦੇ ਪਾਰਟੀ ਵਿੱਚ ਆਉਣ ਨਾਲ ਆਮ ਆਦਮੀ ਪਾਰਟੀ ਹੋਰ ਮਜਬੂਤ ਹੋਵੇਗੀ। ਇਸ ਮੌਕੇ ਗੁਰਮੀਤ ਸਿੰਘ ਆਰੇਵਾਲਾ, ਗੈਰੀ ਵੜਿੰਗ, ਅਮਨਦੀਪ ਸਿੰਘ (ਬਾਬਾ), ਪ੍ਰੀਤ ਸ਼ਰਮਾ (ਕਾਕੂ ਐਮ.ਸੀ.), ਨਰੇਸ਼ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਹਾਜ਼ਰ ਸਨ।

## ਬਾਬਾ ਫ਼ਰੀਦ ਫਾਊਂਡੇਸ਼ਨ ਦੇ ਚੇਅਰਮੈਨ ਪ੍ਰੀਤਮ ਸਿੰਘ ਭਰੋਵਾਲ ਦੇ ਜਵਾਨ ਪੁੱਤਰ ਰਘਬੀਰ ਸਿੰਘ ਭਰੋਵਾਲ ਦਾ ਪੀਰੂ ਵਿੱਚ ਸਮਕ ਹਾਦਸੇ ਕਾਰਨ ਦੇਹਾਂਤ

### ਪੰਜਾਬ ਦੇ ਖੇਤੀ ਤੇ ਪਸ਼ੂ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਭਰੋਵਾਲ ਪਰਿਵਾਰ ਦੇ ਘਰ ਪੁੱਜ ਕੇ ਦੁੱਖ ਸਾਂਝਾ ਕੀਤਾ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾਃ 3 ਮਾਰਚ : ਬਾਬਾ ਫ਼ਰੀਦ ਫਾਊਂਡੇਸ਼ਨ ਦੇ ਚੇਅਰਮੈਨ ਸ. ਪ੍ਰੀਤਮ ਸਿੰਘ ਭਰੋਵਾਲ ਦੇ ਨੌਜਵਾਨ ਸਪੁੱਤਰ ਤੇ ਸੋਸ਼ਲ ਮੀਡੀਆ ’ਤੇ ਸਦਾ ਸਰਗਰਮ ਰਹਿਣ ਵਾਲੇ ਅਤੇ ਪਿਛਲੇ ਕੁਝ ਸਮੇਂ ਤੋਂ ਮੋਟਰ ਸਾਈਕਲ ਤੇ ਸੰਸਾਰ ਯਾਤਰਾ ’ਤੇ ਨਿਕਲੇ 4 5 ਸਾਲਾ ਸਰੀ (ਕੈਨੇਡਾ)ਨਿਵਾਸੀ ਨੌਜਵਾਨ ਵੀਰ ਰਘਬੀਰ ਸਿੰਘ ਭਰੋਵਾਲ ਪੀਰੂ ਦੇਸ਼ ਵਿੱਚ ਸਮਕ ਹਾਦਸੇ ਕਾਰਨ ਅਕਾਲ ਚਲਾਣਾ ਕਰ ਗਏ ਹਨ। ਇਸ ਦੁਖਦਾਈ ਖਬਰ ਨੇ ਉਨਾਂ ਦੇ ਮਿੱਤਰਾਂ-ਦੋਸਤਾਂ ਸਮੇਤ ਮਾਪਿਆਂ ਅਤੇ ਤਿੰਨ ਮਾਸੂਮ ਬੱਚਿਆਂ (ਦੋ ਧੀਆਂ ਤੇ ਇੱਕ ਪੁੱਤ), ਪਤਨੀ ਸਮੇਤ ਸਾਰਿਆਂ ਨੂੰ ਝੰਜੋੜ ਦਿੱਤਾ ਹੈ।

ਬਾਬਾ ਫਰੀਦ ਫਾਊਂਡੇਸ਼ਨ ਇੰਟਰਨੈਸ਼ਨਲ ਦੇ ਚੇਅਰਮੈਨ ਜਥੇਦਾਰ ਪ੍ਰੀਤਮ ਸਿੰਘ ਭਰੋਵਾਲ ਤੋਂ ਨੌਜਵਾਨ ਸਪੁੱਤਰ ਰਘਬੀਰ ਸਿੰਘ ਭਰੋਵਾਲ ਦੇ ਦਰਦਨਾਲ ਵਿਛੋੜੇ ਦੀ ਖਬਰ ਸੁਣਦਿਆਂ ਹੀ ਪੰਜਾਬ ਦੇ ਖੇਤੀਬਾੜੀ ਤੇ ਪਸ਼ੂ ਭਲਾਈ ਮੰਤਰੀ ਸ,ਗੁਰਮੀਤ ਸਿੰਘ ਖੁੱਡੀਆਂ, ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਦੇ ਡਾਇਰੈਕਟਰ ਵਿਦਿਆਰਥੀ ਭਲਾਈ ਡਾ. ਨਿਰਮਲ ਸਿੰਘ ਜੌੜਾ, ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ, ਸੀਨੀਅਰ ਸਿਆਸੀ ਆਗੂ ਜਸਵੰਤ ਸਿੰਘ ਛਾਪਾ, ਸਾਬਕਾ ਮੈਂਬਰ ਪਾਰਲੀਮੈਂਟ ਤੇ ਲੋਕ ਗਾਇਕ ਮੁਹੰਮਦ ਸਦੀਕ, ਜਸਵੰਤ ਸੰਦੀਲਾ, ਰਵਿੰਦਰ ਰੰਗੂਵਾਲ, ਤੇਜਪਰਤਾਪ ਸਿੰਘ ਸੰਧੂ, ਗੁਰਪ੍ਰੀਤ ਸਿੰਘ ਤੂਰ , ਮਨਮੋਹਨ ਸਿੰਘ ਸਮਰਾ ਸੱਰੀ ਕੈਨੇਡਾ,ਖੇਡ ਪ੍ਰਬੰਧਕ ਤੇ ਲੇਖਕ ਸ. ਜਗਰੂਪ ਸਿੰਘ ਜਰਖੜ, ਗੁਰਦੀਪ ਸਿੰਘ ਲੀਲ ਤੁਰੰਤ ਪਰਿਵਾਰ ਨਾਲ ਦੁੱਖ ਵੰਡਾਉਣ ਉਨ੍ਹਾਂ ਦੇ ਘਰ ਰਣਜੀਤ ਨਗਰ ਪੁੱਜੇ।

ਮਿਲੀ ਜਾਣਕਾਰੀ ਅਨੁਸਾਰ ਰਘਬੀਰ ਸਿੰਘ ਭਰੋਵਾਲ ਮੋਟਰਸਾਈਕਲ ’ਤੇ ਸੰਸਾਰ ਭਰ ਦੀ ਯਾਤਰਾ ਤੇ ਸਨ, ਜਿਸ ਦੌਰਾਨ ਪੀਰੂ ਦੇਸ਼ ਵਿਖੇ ਤਿੰਨ ਦਿਨ ਪਹਿਲਾਂ ਇਹ ਭਿਆਨਕ ਹਾਦਸਾ ਵਾਪਰਿਆ। ਸੰਸਾਰ ਯਾਤਰਾ ਦੀ ਆਖਰੀ ਵੀਡੀਓ ਰਘਬੀਰ ਸਿੰਘ ਨੇ ਆਪਣੇ ਸੋਸ਼ਲ ਮੀਡੀਆ ’ਤੇ ਤਿੰਨ ਪਹਿਲਾਂ ਪਾਈ, ਜਿਸ ਮਗਰੋਂ ਘਰਦਿਆਂ ਨਾਲ ਸੰਪਰਕ ਟੁੱਟ ਗਿਆ। ਅੱਜ, ਭਾਵ ਤਿੰਨ ਮਾਰਚ ਨੂੰ ਸਵੇਰੇ ਪਿਤਾ ਸਰਦਾਰ ਪ੍ਰੀਤਮ ਸਿੰਘ ਭਰੋਵਾਲ ਨੂੰ ਪੰਜਾਬ ਵਿੱਚ ਅਤੇ ਸਰੀ ’ਚ ਬਾਕੀ ਪਰਿਵਾਰ ਨੂੰ ਪਤਾ ਲੱਗਿਆ ਕਿ ਇਹ ਹਾਦਸਾ ਵਾਪਰਿਆ ਹੈ। ਇਹ ਵੀ ਅਜੀਬ ਇਤਫਾਕ ਸੀ ਕਿ ਰਘਬੀਰ ਸਿੰਘ ਭਰੋਵਾਲ ਨੇ ਜਾਣ ਤੋਂ ਪਹਿਲਾਂ ਐਬਸਬੋਰਡ ਚ ਸਾਂਝੇ ਪਿਆਰੇ ਮਿੱਤਰ ਜੋਗਰਾਜ ਸਿੰਘ ਕਾਹਲੋਂ ਦੇ ਨਵੀਂ ਖੁੱਲੇ ਸਿੰਘ ਪੀਜ਼ਾ ’ਤੇ ਸਾਡੇ ਸਭਨਾਂ ਨਾਲ ਕੁਝ ਸਮਾਂ ਬਿਤਾਇਆ ਅਤੇ ਆਪਣੀਆਂ ਵੀਡੀਓ ਸਾਂਝੀਆਂ ਕੀਤੀਆਂ, ਪਰ ਇਹ ਨਹੀਂ ਸੀ ਪਤਾ ਕਿ ਉਹ ਵੀਰ ਦੀ ਆਖਰੀ ਮੁਲਾਕਾਤ ਸੀ!

ਰਘਵੀਰ ਸਿੰਘ ਭਰੋਵਾਲ ਗੁਰੂ ਨਾਨਕ ਇੰਜਨੀਰਿੰਗ ਕਾਲਿਜ ਲੁਧਿਆਣਾ ਦੇ ਗ੍ਰੈਜੂਏਟ ਸਨ ਤੇ ਵਿੰਡਸਰ ਤੋਂ ਆਪ ਨੇ ਉਚੇਰੀ ਸਿੱਖਿਆ ਹਾਸਲ ਕੀਤੀ। ਪਿਛਲੇ ਲਗਪਗ ਪੰਦਰਾਂ ਸਾਲ ਤੋਂ ਉਹ ਆਪਣੇ ਮਾਪਿਆਂ ਸਮੇਤ ਸੱਰੀ ਵੱਸਦੇ ਸਨ। ਉਸ ਦੇ ਪਿਤਾ ਜੀ ਇਸ ਵੇਲੇ ਪੰਜਾਬ ਵਿੱਚ ਹਨ। ਉਹ ਨੇੜ ਭਵਿੱਖ ਵਿੱਚ ਕੈਨੇਡਾ ਪਰਤਣਗੇ।ਇਹ ਜਾਣਕਾਰੀ ਉਨ੍ਹਾਂ ਦੇ ਨਿਕਟਵਰਤੀ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਦਿੱਤੀ।

## ਰਾਜ ਸਿੰਘ ਸਬ ਇੰਸਪੈਕਟਰ 34 ਸਾਲ ਦੀ ਡਿਊਟੀ ਨਿਭਾਉਣ ਉਪਰੰਤ ਹੋਏ ਸੇਵਾਮੁਕਤ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 3 ਮਾਰਚ : ਨੇੜਲੇ ਪਿੰਡ ਪੰਜਗਰਾਈਂ ਕਲਾਂ ਦੇ ਵਸਨੀਕ ਸ੍ਰ ਰਾਜ ਸਿੰਘ ਸਬ ਇੰਸਪੈਕਟਰ ਥਾਣਾ ਸਮਾਲਸਰ ਜ਼ਿਲਾ ਮੋਗਾ ਵਿਖੇ ਡਿਊਟੀ ਨਿਭਾਉਂਦਿਆਂ ਲਗਭਗ 34 ਸਾਲ ਦੀ ਸਰਵਿਸ ਦੌਰਾਨ ਅੱਜ ਸੇਵਾ ਮੁਕਤ ਹੋ ਗਏ ਹਨ। ਉਹਨਾ ਨੂੰ ਸ਼ਾਨਦਾਰ ਸੇਵਾਵਾਂ ਨਿਭਾਉਣ ਬਦਲੇ ਐਸ.ਪੀ.ਐਚ. ਹੈਡ ਕੁਆਟਰ ਮੋਗਾ ਵੱਲੋਂ ਜੋਰਾ ਸਿੰਘ ਡੀ.ਐਸ.ਪੀ. ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਦੀ ਹਾਜਰੀ ਵਿੱਚ ਸਨਮਾਨਿਤ ਕਰਦਿਆਂ ਉਹਨਾਂ ਦੇ ਚੰਗੇਰੇ ਭਵਿੱਖ ਦੀ ਕਾਮਨਾ ਕੀਤੀ ਗਈ। ਇਸ ਮੌਕੇ ‘ਐਸ.ਪੀ.ਐੱਚ. ਨੇ ਕਿਹਾ ਕਿ ਪੁਲਿਸ ਵਿਭਾਗ ਲਈ ਇਹ ਇੱਕ ਖਾਸ ਪਲ ਹੈ, ਜਦੋਂ ਸਾਡੇ ਸਮਰਪਿਤ ਅਧਿਕਾਰੀ ਆਪਣੇ ਫ਼ਰਜ਼ ਅਤੇ ਸਰਵਿਸ ਨੂੰ ਚੰਗੀ ਤਰ੍ਹਾਂ ਪੂਰੀ ਕਰਕੇ ਇੱਜ਼ਤ ਨਾਲ ਸੇਵਾਮੁਕਤ ਹੋਏ ਹਨ। ਉਨ੍ਹਾਂ ਕਿਹਾ ਕਿ ਸੇਵਾ ਮੁਕਤ ਸਿਰਫ਼ ਇੱਕ ਪ੍ਰਸ਼ਾਸਨਿਕ ਲੜੀ ਹੈ ਪਰ ਅਸੀਂ ਹਮੇਸ਼ਾ ਆਪਣੇ ਸਾਬਕਾ ਮੁਲਾਜ਼ਮਾਂ ਦੀ ਸੇਵਾ, ਤਜ਼ਰਬੇ ਅਤੇ ਜਾਣਕਾਰੀ ਦੀ ਲੋੜ ਮਹਿਸੂਸ ਕਰਦੇ ਰਹਾਂਗੇ। ਉਹਨਾਂ ਅੱਗੇ ਕਿਹਾ ਕਿ ਤੁਸੀਂ ਸਿਰਫ਼ ਵਿਭਾਗ ਤੋਂ ਅਲੱਗ ਹੋ ਰਹੇ ਹੋ ਪਰ ਤੁਸੀਂ ਹਮੇਸ਼ਾਂ ਸਾਡੀ ਪੁਲਿਸ ਪਰਿਵਾਰ ਦਾ ਹਿੱਸਾ ਰਹੋਗੇ। ਜਦੋਂ ਵੀ ਲੋੜ ਪਈ ਅਸੀਂ ਤੁਹਾਡੇ ਕੀਮਤੀ ਤਜ਼ਰਬੇ ਅਤੇ ਗਿਆਨ ਦੀ ਉਮੀਦ ਕਰਦੇ ਰਹਾਂਗੇ। ਉਹਨਾਂ ਕਿਹਾ ਕਿ ਅਸੀਂ ਜਾਣਦੇ ਹਾਂ ਕਿ ਹਰ ਅਧਿਕਾਰੀ ਦਾ ਆਪਣਾ ਯੋਗਦਾਨ ਹੁੰਦਾ ਹੈ ਜੋ ਵਿਭਾਗ ਨੂੰ ਇੱਕ ਮਜ਼ਬੂਤ ਰੂਪ ਦਿੰਦਾ ਹੈ। ਅਸੀਂ ਤੁਹਾਨੂੰ ਇਹ ਭਰੋਸਾ ਦਿਵਾਉਂਦੇ ਹਾਂ ਕਿ ਜਦੋਂ ਵੀ ਤੁਹਾਨੂੰ ਸਾਡੀ ਜਰੂਰਤ ਹੋਵੇਗੀ, ਅਸੀਂ ਤੁਹਾਡੇ ਨਾਲ ਖੜੇ ਰਹਾਂਗੇ। ਇਸ ਮੌਕੇ ਉਨ੍ਹਾਂ ਸੇਵਾ ਮੁਕਤ ਹੋਏ ਸ੍ਰ ਰਾਜ ਸਿੰਘ ਨੂੰ ਸਨਮਾਨ ਚਿੰਨ੍ਹ ਅਤੇ ਯਾਦਗਾਰੀ ਉਪਹਾਰ ਭੇਂਟ ਕਰਕੇ ਉਨ੍ਹਾਂ ਦੀ ਸੇਵਾ ਲਈ ਧੰਨਵਾਦ ਕੀਤਾ। ਵਿਦਾਇਗੀ ਸਮੇਂ ਜਸਵਿੰਦਰ ਸਿੰਘ ਬੱਬੂ ਹਲਕਾ ਕੋਆਰਡੀਨੇਟਰ ਆਮ ਆਦਮੀ ਪਾਰਟੀ ਕੋਟਕਪੂਰਾ, ਬੇਟਾ ਅਵਤਾਰ ਸਿੰਘ ਹੈਪੀ, ਨੂੰਹ ਅਮ੍ਰਿਤਪਾਲ ਕੌਰ, ਬੀਬੀ ਅਮਰਜੀਤ ਕੌਰ ਪੰਜਗਰਾਈਂ, ਕਰਨ ਸਿੰਘ ਆਦਿ ਵੀ ਹਾਜਰ ਸਨ।

## ਗੀਤ



ਧੂਮ ਧੜਾਕਾ ਢੋਲ ਨਗਾਰੇ ਰੰਗਾਂ ਦੀ ਬਰਸਾਤ।
ਹੋਲੀ ਦੇ ਵਿਚ ਖ਼ੁਸ਼ੀਆਂ ਲੈ ਕੇ ਆਈ ਹੈ ਪ੍ਰਭਾਤ।

ਤਿਉਹਾਰ ਪਿਆਰੇ ਭਾਰਤ ਮਾਂ ਦੇ ਸੱਚੇ-ਸੁੱਚੇ ਗਹਿਣੇ।
ਉਦਮ ਦੇ ਵਿਚ ਮਾਨਵਤਾ ਦੇ ਚੰਨ ਸਿਤਾਰੇ ਰਹਿਣੇ।

ਫੁੱਲਾਂ ਦੇ ਵਿਚ ਖ਼ੁਸ਼ਬੂਆਂ ਦੀ ਆਈ ਹੈ ਸੌਗਾਤ।
ਹੋਲੀ ਦੇ ਵਿਚ ਖ਼ੁਸ਼ੀਆਂ ਲੈ ਕੇ ਆਈ ਹੈ ਪ੍ਰਭਾਤ।

ਵੱਖੋ-ਵੱਖਰੇ ਪਹਿਰਾਵੇ ਵਿਚ ਰੰਗਾਂ ਦੀ ਵਡਿਆਈ।
ਧਰਤੀ ਉਤੇ ਰੰਗਾਂ ਵਾਲੀ ਪੀਂਘ ਜਿਵੇਂ ਲਹਿਰਾਈ।

ਇਕ ਸੂਤਰ ਦੇ ਵਿੱਚ ਪਿਰੋਏ ਹਰ ਇਕ ਦੇ ਜਜ਼ਬਾਤ।
ਹੋਲੀ ਦੇ ਵਿਚ ਖ਼ੁਸ਼ੀਆਂ ਲੈ ਕੇ ਆਈ ਹੈ ਪ੍ਰਭਾਤ।

ਕੋਸੀ-ਕੋਸੀ ਧੁੱਪ ਦੇ ਅੰਦਰ ਨਿੱਘ ਦੀ ਹੈ ਅੰਗੜਾਈ।
ਮੌਸਮ ਦੇ ਪਰਿਵਰਤਨ ਅੰਦਰ ਗੂੰਜ ਰਹੀ ਸ਼ਹਿਨਾਈ।

ਚੁਹਲ-ਮੁਹਲ ਦੇ ਮੰਜ਼ਰ ਵਿਚ ਅਠਖੇਲੀ ਦੀ ਗਲਬਾਤ।
ਹੋਲੀ ਦੇ ਵਿਚ ਖ਼ੁਸ਼ੀਆਂ ਲੈ ਕੇ ਆਈ ਹੈ ਪ੍ਰਭਾਤ।

ਭਾਈਚਾਰੇ ਦੀ ਮਮਤਾ ਵਿਚ ਸੁੰਦਰਤਾ ਦਾ ਵਾਸਾ।
ਅੱਲਾ ਵਾਹਿਗੁਰੂ ਰਾਮ ਫਕੀਰਾਂ ਦਾ ਸਿਰ ਤੇ ਭਰਵਾਸਾ।

ਵੱਖੋ-ਵੱਖ ਸੁਗੰਧੀਆਂ ਦੀ ਹੈ ਗੁਲਸ਼ਨ ਵਿਚ ਖ਼ੈਰਾਤ।
ਹੋਲੀ ਦੇ ਵਿਚ ਖ਼ੁਸ਼ੀਆਂ ਲੈ ਕੇ ਆਈ ਹੈ ਪ੍ਰਭਾਤ।

ਸ਼ੁੱਭ ਅਸੀਸਾਂ ਦੇ-ਦੇ ਕੇ ਖ਼ੁਸ਼ਹਾਲੀ ਵਿੱਚੋਂ ਕਹਿਣ।
ਮੇਲੇ ਪਰਵ ਤਿਉਹਾਰ ਸਦਾ ਹੀ ਜੁਗ-ਜੁਗ ਵਸਦੇ ਰਹਿਣ।

ਬਾਲਮ ਦੇ ਗੀਤਾਂ ਵਿਚ ਦਿਸਦੀ ਬਾਲਮ ਦੀ ਔਕਾਤ।
ਹੋਲੀ ਦੇ ਵਿਚ ਖ਼ੁਸ਼ੀਆਂ ਲੈ ਕੇ ਆਈ ਹੈ ਪ੍ਰਭਾਤ।

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ